
ਸ੍ਰੀ ਗੁਰੂ ਦਸਵੇਂ ਪਾਤਸ਼ਾਹ ਜੀ ਦੀ ਪਹਿਲੀ ਜੰਗ 1688 ਨੂੰ ਹੁੰਦੀ ਹੈ ਹਿੰਦੂ ਪਹਾੜੀ ਰਾਜਿਆਂ ਦੇ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਦੇ ਵਿੱਚ




ਹਿੰਦੂ ਪਹਾੜੀ ਰਾਜੇ ਗਰੀਬਾਂ ਦੇ ਮਗਰ ਝਾੜੂ ਬੰਨ੍ਹ ਦਿੰਦੇ ਸੀ। ਗੱਲਾਂ ਦੇ ਵਿੱਚ ਹਾਂਡੀਆ ਪਾ ਦਿੰਦੇ ਸੀ, ਕਹਿੰਦੇ ਸੀ ਥੱਲੇ ਨਾ ਥੁਕੀਓ ਹਾਂਡੀ 'ਚ ਹੀ ਥੁਕੀਓ। ਉਹ ਜ਼ੁਲਮ ਨੂੰ ਖਤਮ ਕਰਨ ਦੇ ਲਈ ਗੁਰੂ ਦਸਵੇਂ ਪਾਤਸ਼ਾਹ ਜੀ ਨੇ ਪਹਿਲੀ ਜੰਗ ਪਹਾੜੀ ਰਾਜਿਆਂ ਦੇ ਨਾਲ ਲੜੀ।

ਜਿਹੜਾ ਕੋਈ ਗਰੀਬ ਪਹਾੜੀ ਰਾਜਿਆਂ ਦੇ ਅੱਗੇ ਬੋਲਦਾ ਸੀ ਉਸ ਦੀ ਜ਼ੁਬਾਨ ਕੱਟ ਦਿੰਦੇ ਸੀ, ਕੰਨਾਂ ਦੇ ਵਿਚ ਗਰਮ ਕਰਕੇ ਤੇਲ ਪਾ ਦਿੰਦੇ ਸੀ, ਕਹਿੰਦੇ ਸੀ ਹਿੰਦੂ ਪਹਾੜੀ ਰਾਜੇ ਕਿ ਤੁਸੀਂ ਛੋਟੀਆਂ ਜਾਤਾਂ ਦੇ ਹੋ ਕਿ ਤੁਸੀਂ ਸਾਡੇ ਅੱਗੇ ਬੋਲ ਨਹੀਂ ਸਕਦੇ। ਇਸ ਜ਼ੁਲਮ ਨੂੰ ਰੋਕਣ ਦੇ ਲਈ ਗੁਰੂ ਦਸ਼ਵੇਂ ਪਾਤਸ਼ਾਹ ਜੀ ਨੇ ਹਿੰਦੂ ਪਹਾੜੀ ਰਾਜਿਆਂ ਦੇ ਨਾਲ 1688 ਦੇ ਵਿਚ ਜੰਗ (ਲੜਾਈ) ਲੜੀ।



ਹਿੰਦੂ ਪਹਾੜੀ ਰਾਜੇ ਮੂਰਤੀ ਪੂਜਾ, ਬੁੱਤ ਪੂਜਾ ਦੇ ਮਗਰ ਲੋਕਾਂ ਨੂੰ ਧੱਕੇ ਨਾਲ ਲਾਉਂਦੇ ਸੀ। ਉਸ ਨੂੰ ਰੋਕਣ ਦੇ ਲਈ ਵੀ ਇਹ ਪਹਿਲੀ ਜੰਗ ਹਿੰਦੂ ਪਹਾੜੀ ਰਾਜਿਆ ਦੇ ਨਾਲ ਗੁਰੂ ਦਸ਼ਵੇ ਪਾਤਸ਼ਾਹ ਜੀ ਨੇ ਲੜੀ।

ਜਦ ਮੁਗਲਾਂ ਨੇ ਜ਼ੁਲਮ ਕੀਤਾ ਹਿੰਦੂ ਗਰੀਬ ਪਰਿਵਾਰਾਂ ਤੇ ਤਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸ਼ਹੀਦੀ ਪਾਈ ਮਨੁੱਖੀ ਹੱਕਾਂ ਦੀ ਰਾਖੀ ਕੀਤੀ ਜਦੋਂ ਫਿਰ ਹਿੰਦੂ ਪਹਾੜੀ ਰਾਜਿਆਂ ਨੇ ਗ਼ਰੀਬਾਂ ਤੇ ਜ਼ੁਲਮ ਕੀਤਾ ਜਾਤਾਂ ਪਾਤਾਂ ਵਿੱਚ ਵੰਡਿਆ ਉਸ ਜ਼ੁਲਮ ਨੂੰ ਰੋਕਣ ਦੇ ਲਈ ਗੁਰੂ ਦਸਵੇਂ ਪਾਤਸ਼ਾਹ ਜੀ ਨੇ ਪਹਿਲੀ ਜੰਗ ਲੜੀ।
ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਦਸ਼ਵੇ ਪਾਤਸ਼ਾਹ ਤੱਕ ਇਤਿਹਾਸ ਪੜ੍ਹੋ, ਸਾਡੇ ਸਾਰੇ ਗੁਰੂਆਂ ਨੇ ਪੂਰੀ ਕਾਇਨਾਤ ਦੇ ਲਈ ਕੁਰਬਾਨੀਆਂ ਕੀਤੀਆਂ ਨੇ, ਪੂਰੀ ਮਨੁੱਖਤਾ ਲਈ ਕੁਰਬਾਨੀਆਂ ਕੀਤੀਆਂ ਨੇ ਕਿਸੇ ਇਕ ਲਈ ਨਹੀਂ ਕਿਸੇ ਇਕ ਦੇ ਗੁਰੂ ਨਹੀ ਸੀ ਗੁਰੂ ਗ੍ਰੰਥ ਸਾਹਿਬ ਪੂਰੀ ਕਾਇਨਾਤ ਦੇ ਗੁਰੂ ਹਨ ਪੂਰੀ ਮਨੁੱਖਤਾ ਦੀ ਗੱਲ ਕੀਤੀ ਗਈ ਹੈ। ਸਾਰੇ ਧਰਮਾਂ ਦੀ ਗੱਲ ਕੀਤੀ ਗਈ ਹੈ ਜੋ ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਦੇ ਨੇ ਜਾ ਇਹ ਕਹਿੰਦੇ ਹਨ ਉਲਟੀਆਂ ਸਿਦੀਆਂ ਗੱਲਾਂ ਕਰਦੇ ਹਨ ਉਹਨਾਂ ਨੂੰ ਮੂੰਹ ਸੰਭਾਲ ਲੈਣਾ ਚਾਹੀਦਾ ਕਿ ਖਾਲਸੇ ਨੇ ਹਮੇਸ਼ਾ ਇਨਸਾਨੀਅਤ ਦੀ ਗੱਲ ਕੀਤੀ ਹੈ।
ਵਾਹਿਗੁਰੂ ਜੀ ਕਾ ਖਾਲਸਾ||
ਵਾਹਿਗੁਰੂ ਜੀ ਕੀ ਫਤਿਹ||




# ਪੂਰਵ ਖਾਲਸਾ ਕਾਲ ਦੀਆਂ ਲੜਾਈਆਂ

## ਸ੍ਰੀ ਗੁਰੂ ਦਸਵੇਂ ਪਾਤਸ਼ਾਹ ਜੀ ਦੀ ਦੂੱਜੀ ਜੰਗ
## ਨਦੌਣ ਦੀ ਲੜਾਈ 1690 ਈਸਵੀ



ਵਾਹਿਗੁਰੂ ਜੀ ਕਾ ਖਾਲਸਾ|| ਵਾਹਿਗੁਰੂ ਜੀ ਕੀ ਫਤਿਹ||

ਅੱਜ ਤੁਹਾਨੂੰ ਦੱਸਣ ਜਾ ਰਹੇ ਹਾਂ ਸ੍ਰੀ ਗੁਰੂ ਦਸਵੇਂ ਪਾਤਸ਼ਾਹ ਜੀ ਦੀ ਦੂਜੀ ਲੜਾਈ ਕਿਸਦੇ ਨਾਲ ਹੋਈ ਸੀ ਕਿਸ ਗੱਲੋਂ ਹੋਈ ਸੀ ਸਭ ਤੋਂ ਪਹਿਲਾਂ ਗੁਰੂ ਦੀਆਂ ਸੰਗਤਾਂ ਨੂੰ ਇਹ ਦੱਸ ਦੇਈਏ ਕਿ ਗੁਰੂ ਦਸਵੇਂ ਪਾਤਸ਼ਾਹ ਜੀ ਨੇ ਪਹਿਲਾਂ ਕਿਸੇ ਤੇ ਵਾਰ ਨਹੀਂ ਕੀਤਾ ਨਾ ਕਿਸੇ ਤੇ ਚੜ੍ਹ ਕੇ ਗਏ ਨੇ ਲੜਨ ਦੇ ਲਈ। ਪਹਿਲੀ ਜਿਹੜੀ ਲੜਾਈ ਹਿੰਦੂ ਪਹਾੜੀ ਰਾਜਿਆਂ ਦੇ ਨਾਲ ਹੋਈ ਸੀ ਉਸਦੇ ਵਿੱਚ ਵੀ ਹਿੰਦੂ ਪਹਾੜੀ ਰਾਜੇ ਫੌਜਾਂ ਲੈ ਕੇ ਗੁਰੂ ਦਸਵੇਂ ਪਾਤਸ਼ਾਹ ਜੀ ਦੇ ਨਾਲ ਲੜਨ ਦੇ ਲਈ ਆਏ ਸੀ। ਫਿਰ ਉਹਨਾਂ ਦੀ ਹਾਰ ਹੋਈ ਹਿੰਦੂ ਪਹਾੜੀ ਰਾਜਿਆਂ ਦੀ।

ਗੁਰੂ ਦਸਵੇਂ ਪਾਤਸ਼ਾਹ ਜੀ ਦੀ ਦੂਜੀ ਜੰਗ.
ਜਬਰ ਤੇ ਜ਼ੁਲਮ ਦੇ ਖ਼ਲਾਫ ਗੁਰੂ ਦਸਵੇਂ ਪਾਤਸ਼ਾਹ ਜੀ ਦੀਆਂ ਜੰਗਾਂ ਹੋਈਆਂ ਨੇ , ਪਰ ਗੁਰੂ ਸਾਹਿਬ ਕਦੇ ਵੀ ਕਿਸੇ ਤੇ ਚੜ ਕੇ ਨਹੀਂ ਗਏ ।
ਜਦੋਂ ਮੁਗਲ ਜ਼ੁਲਮ ਕਰਦੇ ਸੀ ਤਾਂ ਉਹਨਾਂ ਦੇ ਨਾਲ ਜੰਗ ਸੀ ,ਜਦੋਂ ਹਿੰਦੂ ਪਹਾੜੀ ਜ਼ੁਲਮ ਕਰਦੇ ਸੀ ਤਾਂ ਉਨ੍ਹਾਂ ਦੇ ਨਾਲ ਜੰਗ ਸੀ ।
ਦੂਜੀ ਲੜਾਈ ਗੁਰੂ ਦਸਵੇਂ ਪਾਤਸ਼ਾਹ ਜੀ ਦੀ ਅਲਿਫ਼ ਖਾਨ ਦੇ ਨਾਲ ਹੋਈ ।
ਗਰੀਬਾਂ ਤੇ ਜ਼ੁਲਮ ਕਰਨ ਵਾਲਾ ਭੀਮ ਚੰਦ ਹਿੰਦੂ ਰਾਜਾ ਗੁਰੂ ਦਸਵੇਂ ਪਾਤਸ਼ਾਹ ਜੀ ਦੇ ਅੱਗੇ ਆ ਕੇ ਹੱਥ ਜੋੜਨ ਲੱਗਿਆਂ ਕਿ ਜ਼ੁਲਮ ਤੇ ਜ਼ਬਰ ਇਸ ਵੇਲੇ ਮੁਗਲ ਸਾਡੇ ਤੇ ਕਰ ਰਹੇ ਨੇ ਸਾਨੂੰ ਬਚਾਓ।
ਫਿਰ ਦੂਜੀ ਲੜਾਈ ਗੁਰੂ ਦਸਵੇਂ ਪਾਤਸ਼ਾਹ ਜੀ ਦੀ ਅਲਿਫ਼ ਖਾਨ ਦੇ ਨਾਲ ਹੁੰਦੀ ਹੈ ।

ਗੁਰੂ ਦਸਵੇਂ ਪਾਤਸ਼ਾਹ ਜੀ ਜਬਰ ਤੇ ਜ਼ੁਲਮ ਦੇ ਖ਼ਿਲਾਫ਼ ਜੰਗ ਲੜਦੇ ਸੀ ਅਤੇ ਕਦੇ ਵੀ ਕਿਸੇ ਤੇ ਚੜ੍ਹ ਕੇ ਨਹੀਂ ਗਏ ਦੂਜੀ ਜੰਗ ਦਾ ਕਾਰਨ ਮੁਗਲ ਹਿੰਦੂ ਪਹਾੜੀ ਰਾਜਿਆਂ ਦੇ ਉੱਤੇ ਜਾਕੇ ਜ਼ੁਲਮ ਕਰਨ ਲੱਗੇ ,ਉਨ੍ਹਾਂ ਨੂੰ ਧੱਕੇ ਦੇ ਨਾਲ। ਮੁਸਲਮਾਨ ਬਣਾਉਣ ਲਗੇ ਤੇ ਉਹਨਾਂ ਤੋਂ ਧੱਕੇ ਦੇ ਨਾਲ ਚੰਦਾ ਲੈਣ ਲੱਗ ਗਏ ।ਉਸ ਸਮੇਂ ਦੇ ਹਿੰਦੂ ਪਹਾੜੀ ਰਾਜੇ ਗੁਰੂ ਦਸਵੇਂ ਪਾਤਸ਼ਾਹ ਜੀ ਦੇ ਕੋਲ ਆਉਂਦੇ ਨੇ ਅਤੇ ਆ ਕੇ ਮਿੰਨਤਾਂ ਤਰਲੇ ਕਰਦੇ ਹਨ ਕਿ ਸਾਨੂੰ ਮੁਗਲਾਂ ਦੇ ਜ਼ੁਲਮ ਤੋਂ ਬਚਾਓ ,ਸਾਡੇ ਉੱਤੇ ਮੁਗਲ ਚੜ੍ਹ ਕੇ ਆ ਗਏ , ਜ਼ੁਲਮ ਕਰ ਰਹੇ ਨੇ ਧੱਕੇ ਨਾਲ ਮੁਸਲਮਾਨ ਬਣਾ ਰਹੇ ਨੇ ਅਤੇ ਸਾਡੇ ਤੋਂ ਪੈਸੇ ਵੀ ਮੰਗਦੇ ਨੇ , ਗੁਰੂ ਦਸਵੇਂ ਪਾਤਸ਼ਾਹ ਜੀ ਨੂੰ ਆ ਕੇ ਇਹ ਉਹ ਪਹਾੜੀ ਰਾਜੇ ਕਹਿੰਦੇ ਨੇ। ਗੁਰੂ ਦਸਵੇਂ ਪਾਤਸ਼ਾਹ ਜੀ ਕਹਿੰਦੇ ਨੇ ਕਿ ਤੁਸੀਂ ਵੀ ਤਾਂ ਗਰੀਬਾਂ ਤੇ ਜ਼ੁਲਮ ਕਰਦੇ ਹੋ ,ਗਰੀਬਾਂ ਦੇ ਕੰਨਾਂ ਵਿਚ ਤੇਲ ਪਾਉਂਦੇ ਹੋ , ਜੁਬਾਨ ਵੱਡ ਦਿੰਦੇ ਹੋ , ਕਿੰਨਾ ਕਹਿਰ ਢਾਹੁੰਦੇ ਹੋ। ਪਹਾੜੀ ਰਾਜੇ ਗੁਰੂ ਦਸਵੇਂ ਪਾਤਸ਼ਾਹ ਨੂੰ ਕਹਿੰਦੇ ਨੇ ਕੀ ਅਸੀਂ ਆਉਣ ਵਾਲੇ ਸਮੇਂ ਵਿੱਚ ਕਿਸੇ ਵੀ ਗਰੀਬ ਉੱਤੇ ਜੁਲਮ ਨਹੀਂ ਕਰਾਂਗੇ। ਇਸ ਸਮੇਂ ਤੁਹਾਡੀ ਫੌਜਾਂ ਦੀ ਤੇ ਤੁਹਾਡੀ ਮਦਦ ਦੀ ਸਾਨੂੰ ਜ਼ਰੂਰਤ ਹੈ ,ਸਾਨੂੰ ਬਚਾ ਲਉ। ਇਹ ਸਾਰਾ ਕੁਝ ਦੇਖਦੇ ਹੋਏ ਗੁਰੂ ਦਸਵੇਂ ਪਾਤਸ਼ਾਹ ਜੀ ਕਿ ਸੱਚੀ ਮੁਗਲ ਜ਼ੁਲਮ ਕਰ ਰਹੇ ਨੇ ਤਾਂ ਗੁਰੂ ਦਸਵੇਂ ਪਾਤਸ਼ਾਹ ਜੀ ਨੇ ਮੁਗਲਾਂ ਦੇ ਨਾਲ ਜੰਗ ਲੜੀ। ਉਸ ਸਮੇਂ ਦਾ ਜੋ ਜ਼ੁਲਮ ਸੀ ,ਦਾ ਖਾਤਮਾ ਕੀਤਾ। ਹਮੇਸ਼ਾ ਜਿੰਨੀਆਂ ਵੀ ਲੜਾਈਆਂ ਗੁਰੂ ਦਸਵੇਂ ਪਾਤਸ਼ਾਹ ਜੀ ਨੇ ਲੜੀਆਂ ਨੇ ਉਹ ਜਬਰ ਤੇ ਜ਼ੁਲਮ ਦੇ ਖ਼ਿਲਾਫ ਲੜੀਆਂ ਨੇ। ਇਹ ਦੂਜੀ ਲੜਾਈ ਸੀ ਗੁਰੂ ਦਸ਼ਵੇ ਪਾਤਸ਼ਾਹ ਜੀ ਦੀ ਮੁਗਲਾਂ ਦੇ ਨਾਲ।